ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

# ਡੇਅਰੀ ਉਦਮਤਾ ਵਿਕਾਸ ਸਕੀਮ ਜ਼ਿਲ੍ਹੇ ਵਿੱਚ ਲਾਗੂ

- **ਨੌਜਵਾਨ ਡੇਅਰੀ ਉਦਮਤਾ ਵਿਕਾਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ-ਥਿੰਦ**
- **ਸਰਕਾਰ ਵੱਲੋਂ ਲਾਭਪਾਤਰੀਆਂ ਨੂੰ ਦਿੱਤੀ ਜਾਵੇਗੀ ਸਬਸਿਡੀ**

ਮੋਗਾ 22 ਮਾਰਚ:

ਡੇਅਰੀ ਫਾਰਮਿੰਗ ਨੂੰ ਉਤਸ਼ਾਹਿਤ ਕਰਨ ਲਈ ਡੇਅਰੀ ਵਿਕਾਸ ਵਿਭਾਗ/ਡੇਅਰੀ ਵਿਕਾਸ ਬੋਰਡ ਪੰਜਾਬ, ਨਬਾਰਡ ਦੀ ਸਹਾਇਤਾ ਨਾਲ ਜ਼ਿਲ੍ਹੇ ਵਿੱਚ ਡੇਅਰੀ ਉਦਮਤਾ ਵਿਕਾਸ ਸਕੀਮ ਸੁਰੂ ਕਰਨ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਇਸ ਡੇਅਰੀ ਉਦਮਤਾ ਵਿਕਾਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਪ੍ਰਵੀਨ ਕੁਮਾਰ ਥਿੰਦ ਆਈ.ਏ.ਐਸ. ਨੇ ਦੱਸਿਆ ਕਿ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ ਡੇਅਰੀ ਵਿਕਾਸ ਵਿਭਾਗ ਦੇ ਡੇਅਰੀ ਟ੍ਰੇਨਿੰਗ ਸੈਂਟਰ, ਪਿੰਡ ਗਿੱਲ ਨੇੜੇ ਬਾਘਾਪੁਰਾਣਾ ਵਿਖੇ ਟ੍ਰੇਨਿੰਗ ਲੈ ਕੇ ਇਸ ਸਕੀਮ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ 02 ਤੋਂ 10 ਮੱਝਾਂ/ਗਾਵਾਂ, 20 ਕੱਟੀਆਂ/ਵੱਛੀਆਂ ਪਾਲਣ, ਗੰਡੋਇਆ ਦੀ ਖਾਦ ਤਿਆਰ ਕਰਨ, ਮਿਲਕਿੰਗ ਮਸ਼ੀਨ, ਮਿਲਕੋ ਟੈਸਟਰ/ਬਲਕ ਮਿਲਕ ਕੂਲਿੰਗ ਯੂਨਿਟ ਦੀ ਖ੍ਰੀਦ, ਡੇਅਰੀ ਪ੍ਰੋਸੈਸਿੰਗ ਲਈ ਦੇਸੀ ਦੁੱਧ ਪਦਾਰਥ ਤਿਆਰ ਕਰਨ ਲਈ ਮਸ਼ੀਨਰੀ ਖਰੀਦਣ, ਦੁੱਧ ਤੇ ਦੁੱਧ ਪਦਾਰਥਾਂ ਦੀ ਢੋਆ-ਢੋਆਈ ਲਈ ਕੋਲਡ ਚੈਨ ਸਥਾਪਿਤ ਕਰਨ, ਦੁੱਧ ਅਤੇ ਦੁੱਧ ਪਦਾਰਥ ਠੰਡਾ ਰੱਖਣ ਲਈ ਕੋਲਡ ਸਟੋਰਜ਼ ਸਥਾਪਿਤ ਕਰਨ, ਪ੍ਰਾਈਵੇਟ ਵੈਟਰਨਰੀ ਕਲੀਨਿਕ ਸਥਾਪਿਤ ਕਰਨ ਅਤੇ ਦੁੱਧ ਅਤੇ ਦੁੱਧ ਦੇ ਪਦਾਰਥ ਵੇਚਣ ਲਈ ਡੇਅਰੀ ਪਾਰਲਰ ਸਥਾਪਿਤ ਕਰਨ ਲਈ ਬੇਰੋਜ਼ਗਾਰ ਨੌਜਵਾਨ ਡੇਅਰੀ ਵਿਭਾਗ ਅਤੇ ਬੈਂਕਾਂ ਨਾਲ ਤਾਲਮੇਲ ਕਰਕੇ ਸਵੈ-ਰੋਜ਼ਗਾਰ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਸਰਕਾਰ ਵੱਲੋ ਜਨਰਲ ਕੈਟਾਗਿਰੀ ਦੇ ਲਾਭਪਾਤਰੀਆਂ ਨੂੰ 25 ਫ਼ੀਸਦੀ ਅਤੇ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ 33.33 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ। ਇਸ ਮੌਕੇ ਡਿਪਟੀ ਡਾਇਰੈਕਟਰ ਡੇਅਰੀ, ਮੋਗਾ ਰਣਦੀਪ ਕੁਮਾਰ ਹਾਂਡਾ ਅਤੇ ਕਾਰਜਕਾਰੀ ਅਫ਼ਸਰ, ਡੇਅਰੀ ਬੋਰਡ ਫਿਰੋਜ਼ਪੁਰ ਬੀਰਪ੍ਰਤਾਪ ਸਿੰਘ ਗਿੱਲ ਵੀ ਹਾਜ਼ਰ ਸਨ।

---------------

ਨੰ: ਪੀ.ਆਰ(ਪ੍ਰੈ
ਰੀ)2017/158

